Punjabi

# ਕਾਰਜਕਾਰੀ ਖ਼ੁਲਾਸਾ: ਇੰਗਲੈਂਡ ਵਿਚ ਆਮ ਲੋਕਾਂ ਦੀ ਸਿਹਤ ਬਾਰੇ ਸਾਡੀ ਕਾਰਜਨੀਤੀ

1. ਆਮ ਲੋਕਾਂ ਦੀ ਸਿਹਤ ਲਈ ਇਹ ਨਵਾਂ ਯੁਗ ਹੈ, ਅਤੇ ਇਹਨੂੰ ਵੱਧ ਪਹਿਲ ਅਤੇ ਵਸੀਲੇ ਦਿੱਤੇ ਜਾਂਦੇ ਹਨ। ਇਸ ਵ੍ਹਾਈਟ ਪੇਪਰ ਵਿਚ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਕਿ ਆਮ ਲੋਕਾਂ ਦੀ ਸਿਹਤ ਦਾ ਗੰਭੀਰ ਖ਼ਤਰਿਆਂ ਤੋਂ ਬਚਾਓ ਕਰਨ; ਲੋਕਾਂ ਦੀ ਉਮਰ ਵੱਧ ਲੰਮੀ ਕਰਨ ਵਿਚ ਮਦਦ ਦੇਣ; ਵੱਧ ਸਿਹਤਮੰਦ ਅਤੇ ਖ਼ੁਸ਼ਹਾਲ ਜੀਵਨ; ਅਤੇ ਸਭ ਤੋਂ ਗ਼ਰੀਬ ਲੋਕਾਂ ਦੀ ਸਿਹਤ ਨੂੰ ਤੁਰੰਤ ਵੱਧ ਚੰਗੀ ਬਣਾਉਣ ਲਈ ਅਸੀਂ ਕਿਵੇਂ ਵਚਨ-ਵੱਧ ਹਾਂ।

2. ਇਹ ਪਰਚਾ ਪ੍ਰੋਫ਼ੈਸਰ ਸਰ ਮਾਈਕਲ ਮਾਰਮਟ ਦੀ ਰਿਪੋਰਟ *Fair Society, Healthy Lives*[1] *(ਨਿਆਂਪੂਰਣ ਸਮਾਜ, ਵੱਧ ਸਿਹਤਮੰਦ ਜ਼ਿੰਦਗੀਆਂ)* ਦੇ ਜਵਾਬ ਵਿਚ ਤਿਆਰ ਕੀਤਾ ਗਿਆ ਹੈ, ਅਤੇ ਲੋਕਾਂ ਦੀ ਸਮੁੱਚੀ ਸਿਹਤ 'ਤੇ ਅਸਰ ਪਾਉਣ ਵਾਲੀਆਂ ਗੱਲਾਂ ਨਾਲ ਨਿਪਟਣ ਲਈ ਪੂਰੀ ਜ਼ਿੰਦਗੀ ਨੂੰ ਧਿਆਨ ਵਿਚ ਰੱਖਣ ਦਾ ਦ੍ਰਿਸ਼ਟੀਕੋਣ ਇਸ ਵਿਚ ਪੇਸ਼ ਕੀਤਾ ਗਿਆ ਹੈ। ਇਸ ਨਵੀਂ ਸੋਚ ਦਾ ਮੰਤਵ ਬਚਪਨ ਦੇ ਦਿਨਾਂ ਤੋਂ ਹੀ ਲੋਕਾਂ ਦੇ ਸਵੈ-ਮਾਣ, ਭਰੋਸੇ ਅਤੇ ਮੁੜ-ਉਭਰਨ ਦੀ ਸ਼ਕਤੀ ਵਿਚ ਵਾਧਾ ਕਰਨਾ ਹੈ – ਅਤੇ ਜ਼ਿੰਦਗੀ ਦੇ ਸ਼ੁਰੂ ਦੇ ਦਿਨਾਂ ਵਿਚ ਉਹਨਾਂ ਦੀ ਵੱਧ ਮਦਦ ਕਰਨਾ ਹੈ। ਇਸ ਵਿਚ *A Vision for Adult Social Care: Capable Communities and Active Citizens*[2] *(ਬਾਲਿਗ਼ਾਂ ਦੀ ਸਮਾਜਕ ਦੇਖਭਾਲ: ਸਮਰੱਥ ਭਾਈਚਾਰੇ ਅਤੇ ਸਰਗਰਮ ਨਾਗਰਿਕ)* ਦੇ ਆਦਰਸ਼ ਵਿਚ ਵਾਧਾ ਕਰਨਾ ਹੈ, ਅਤੇ ਵਿਅਕਤੀਆਂ ਦੀਆਂ ਲੋੜਾਂ ਅਨੁਸਾਰ ਮਿਲਣ ਵਾਲੀਆਂ ਰੋਗਾਂ ਦੀ ਰੋਕਥਾਮ ਦੀਆਂ ਸੇਵਾਵਾਂ ਦੇਣ ਵਲ ਵਧੇਰੇ ਧਿਆਨ ਦਿੱਤਾ ਗਿਆ ਹੈ ਜਿਹਨਾਂ ਦਾ ਨਾਗਰਿਕਾਂ ਨੂੰ ਵੱਧ ਤੋਂ ਵੱਧ ਲਾਭ ਹੋਵੇ, ਜੋ ਵਿਸਤ੍ਰਿਤ ਸਮਾਜ ਦੇ ਨਿਰਮਾਣ ਵਿਚ ਸਹਾਈ ਹੋਵੇ।

3. ਸਾਡਾ ਨਿਸ਼ਾਨਾ ਲੋਕਾਂ ਲਈ ਅਜਿਹੀ ਸਿਹਤ ਸੇਵਾ ਦੀ ਸਥਾਪਨਾ ਕਰਨਾ ਹੈ ਜਿਹਦੀਆਂ ਉੱਤਮ ਪ੍ਰਾਪਤੀਆਂ ਹੋਣ, ਜੋ ਨਵੀਨਤਾ ਨੂੰ ਖੁੱਲ੍ਹਾ ਪ੍ਰੋਤਸਾਹਨ ਦੇਵੇ ਅਤੇ ਜਿਸ ਕੰਮਾਂ ਦੀ ਸੁਤੰਤਰ ਢੰਗ ਨਾਲ ਅਗਵਾਈ ਹੋਵੇ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੁੱਚੇ ਅਸੂਲ ਅਤੇ ਢਾਂਚਾ ਬਣਾਉਣ ਲਈ ਇਸ ਵ੍ਹਾਈਟ ਪੇਪਰ ਦਾ ਆਧਾਰ *Equity and Excellence: Liberating the NHS*[3] *(ਬਰਾਬਰੀ ਅਤੇ ਉੱਤਮਤਾ: ਐਨ ਐਚ ਐੱਸ ਨੂੰ ਆਜ਼ਾਦ ਕਰਨਾ)* ਹੈ।

4. ਪਾਰਲੀਮੈਂਟ ਦੀ ਪ੍ਰਵਾਨਗੀ ਮਿਲਣ 'ਤੇ, ਲੋਕਾਂ ਦੀ ਸਿਹਤ ਨੂੰ ਸੁਧਾਰਨ ਅਤੇ ਭਲਾਈ ਅਤੇ ਨਾ-ਬਰਾਬਰੀਆਂ ਨਾਲ ਨਿਪਟਣ ਦੇ ਕੰਮਾਂ ਵਿਚ ਲੋਕਲ ਗਵਰਨਮੈਂਟ (ਕਾਉਂਸਿਲਾਂ) ਅਤੇ ਸਥਾਨਕ ਭਾਈਚਾਰਿਆਂ ਨੂੰ ਮੁਕੰਮਲ ਤੌਰ 'ਤੇ ਸ਼ਾਮਿਲ ਕੀਤਾ ਜਾਏਗਾ। ਲੋਕਾਂ ਦੀ ਸਿਹਤ ਦੀ ਜ਼ਿੰਮੇਦਾਰੀ ਸੰਭਾਲਣ ਲਈ ਇਕ ਨਵੀਂ ਸੰਗਠਿਤ ਸੇਵਾ – ਪਬਲਿਕ ਹੈਲਥ ਇੰਗਲੈਂਡ – ਦੀ ਸਥਾਪਨਾ ਕੀਤੀ ਜਾਏਗੀ, ਜਿਹਦਾ ਕੰਮ ਲੋਕਾਂ ਦੀਆਂ ਲੋੜਾਂ ਅਨੁਸਾਰ ਉੱਤਮ ਮਹਾਰਤ ਤਿਆਰ ਕਰਨਾ ਹੋਏਗੀ, ਖ਼ਾਸ ਤੌਰ 'ਤੇ ਸਿਹਤ ਦੀ ਹਿਫ਼ਾਜ਼ਤ ਦੇ ਅਜਿਹੇ ਕੰਮਾਂ ਲਈ ਜਦ ਪੂਰੇ ਦੇਸ਼ ਦੀ ਖ਼ਾਤਿਰ ਕੋਈ ਕੰਮ ਕਰਨਾ ਅਤੀ ਜ਼ਰੂਰੀ ਹੋਵੇ।

5. ਸੰਨ 2011ਵਿਚ, ਡਿਪਾਰਟਮੈਂਟ ਆੱਫ਼ ਹੈਲਥ (ਸਿਹਤ ਵਿਭਾਗ) ਇਸ ਕਰਜਨੀਤੀ 'ਤੇ ਆਧਾਰਿਤ ਦਸਤਾਵੇਜ਼ ਪ੍ਰਕਾਸ਼ਿਤ ਕਰੇਗਾ, ਜਿਹਨਾਂ ਵਿਚ ਮਾਨਸਿਕ ਸਿਹਤ, ਤਮਾਕੂ 'ਤੇ ਕਾਬੂ ਰੱਖਣ, ਮੋਟਾਪੇ, ਜਿਨਸੀ ਸਿਹਤ, ਪੈਨਡੈਮਿਕ ਫ਼ਲੂ ਲਈ ਤਿਆਰ ਰਹਿਣ, ਸਿਹਤ ਦੀ ਹਿਫ਼ਾਜ਼ਤ ਅਤੇ ਹੰਗਾਮੀ ਹਾਲਤਾਂ ਲਈ ਤਿਆਰ ਰਹਿਣ ਵਰਗੇ ਵਿਸ਼ਿਆਂ ਬਾਰੇ ਦੱਸਿਆ ਜਾਏਗਾ, ਅਤੇ ਨਾਲ ਹੀ ਹੋਰ ਵਿਭਾਗਾਂ ਦੇ ਦਸਤਾਵੇਜ਼ ਵੀ ਪ੍ਰਕਾਸ਼ਿਤ ਹੋਣਗੇ ਜਿਹਨਾਂ ਵਿਚ ਸਿਹਤ 'ਤੇ ਅਸਰ ਪਾਉਣ ਵਾਲੇ ਹੋਰ ਬਹੁਤ ਸਾਰੇ ਵਸੀਹ ਮਸਲਿਆਂ ਨਾਲ ਨਿਪਟਿਆ ਜਾਏਗਾ।

6. ਇਸ ਵ੍ਹਾਈਟ ਪੇਪਰ ਵਾਲੀਆਂ ਗੱਲਾਂ ਇੰਗਲੈਂਡ 'ਤੇ ਲਾਗੂ ਹੁੰਦੀਆਂ ਹਨ, ਪਰ ਸਾਂਝੀ ਦਿਲਚਸਪੀ ਵਾਲੀਆਂ ਗੱਲਾਂ ਦੇ ਸੰਬੰਧ ਵਿਚ ਅਸੀਂ ਬਰਤਾਨੀਆਂ ਦੇ ਹੋਰ ਹਿੱਸਿਆਂ ਵਾਲੀਆਂ ਸਥਾਨਕ ਸਰਕਾਰਾਂ ਨਾਲ ਨਿਕਟ ਮਿਲਵਰਤਨ ਕਰਾਂਗੇ।

---

1. Marmot, M. (2010) *Fair Society, Healthy Lives: Strategic Review of Health Inequalities in England post 2010*, www.marmotreview.org

2. Department of Health (2010) *A Vision for Adult Social Care: Capable Communities and Active Citizens*, www.dh.gov.uk/en/Publicationsandstatistics/Publications/PublicationsPolicyAndGuidance/DH_121508

3. Department of Health (2010) *Equity and Excellence: Liberating the NHS*, www.dh.gov.uk/en/Healthcare/LiberatingtheNHS/index.htm

## ਸਿਹਤ ਵੱਧ ਚੰਗੀ ਬਣਾਉਣ ਦੇ ਮੌਕਿਆਂ ਦਾ ਲਾਭ ਉਠਾਉਣਾ

7. ਆਮ ਲੋਕਾਂ ਦੀ ਸਿਹਤ ਦੇ ਖੇਤਰ ਵਿਚ ਮਹਾਨ ਸਫਲਤਾਵਾਂ ਹਾਸਿਲ ਹੋਈਆਂ ਹਨ: ਸਾਫ਼ ਹਵਾ ਅਤੇ ਪਾਣੀ, ਵੱਧ ਸਿਹਤਮੰਦ ਭੋਜਨ, ਅਤੇ ਆਮ ਲੋਕਾਂ ਨੂੰ ਰੋਗਾਂ ਤੋਂ ਬਚਾਉਣ ਵਾਲੇ ਲੋੜੇ ਕਰਨ ਨਾਲ, ਬਹੁਤ ਸਾਰੇ ਜਾਨਲੇਵਾ ਰੋਗ ਹੁਣ ਇਤਿਹਾਸ ਦੀਆਂ ਕਿਤਾਬਾਂ ਦਾ ਹਿੱਸਾ ਬਣ ਗਏ ਹਨ। ਅੱਜ ਛੋਟੀ ਉਮਰ ਵਿਚ ਮੌਤ ਹੋਣ ਜਾਂ ਰੋਗ ਲੱਗਣ ਦੇ ਕਾਰਣਾਂ ਨਾਲ ਨਿਪਟਣ ਦੇ ਕੰਮਾਂ ਵਿਚ ਹੋਰ ਤੋਂ ਹੋਰ ਅੱਗੇ ਵਧਣ ਦੇ ਤਕੜੇ ਮੌਕੇ ਹਨ। ਵੱਧ ਅਮੀਰ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਦੇ ਮੁਕਾਬਲੇ 'ਤੇ, ਵੱਧ ਗ਼ਰੀਬ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਦੀ 7 ਸਾਲ ਪਹਿਲਾਂ ਮੌਤ ਹੋਣ ਅਤੇ 17 ਸਾਲ ਵੱਧ ਸਮਾਂ ਬੀਮਾਰ ਰਹਿਣ ਦੀ ਸੰਭਾਵਨਾ ਹੁੰਦੀ ਹੈ। ਮਾਨਸਿਕ ਬੀਮਾਰੀਆਂ ਇਹਨਾਂ ਨੂੰ ਵੱਧ ਹੁੰਦੀਆਂ ਹਨ; ਸ਼ਰਾਬ, ਨਸ਼ੀਲੀਆਂ ਵਸਤਾਂ ਅਤੇ ਸਿਗਰਟਾਂ ਤੋਂ ਨੁਕਸਾਨ ਪਹੁੰਚਣ; ਅਤੇ ਬਚਪਨ ਵਿਚ ਮਾਨਸਿਕ ਅਤੇ ਵਤੀਰੇ ਦੇ ਮਸਲੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵੱਧ ਹੁੰਦੀਆਂ ਹਨ। ਭਾਵੇਂ ਹੁਣ ਹਰ 50 ਮੌਤਾਂ ਵਿਚੋਂ ਸਿਰਫ਼ 1 ਛੂਤ ਦੇ ਕਿਸੇ ਰੋਗ ਨਾਲ ਹੁੰਦੀ ਹੈ, ਪਰ ਤਪਦਿਕ ਅਤੇ ਸੰਭੋਗ ਨਾਲ ਲੱਗਣ ਵਾਲੇ ਰੋਗ (STIs) ਫੈਲ ਰਹੇ ਹਨ, ਅਤੇ ਪੈਨਡੈਮਿਕ ਫ਼ਲੂ ਦਾ ਖ਼ਤਰਾ ਹਾਲੇ ਵੀ ਕਾਇਮ ਹੈ।

8. ਇੰਗਲੈਂਡ ਵਿਚ ਸਿਹਤ ਬਾਰੇ ਪੂਰੀ ਕਹਾਣੀ ਇਸ ਵ੍ਹਾਈਟ ਪੇਪਰ ਦੇ ਨਾਲ ਪ੍ਰਕਾਸ਼ਿਤ ਹੋਣ ਵਾਲੇ ਦਸਤਾਵੇਜ਼ *Our Health and Wellbeing Today (ਅੱਜ ਸਾਡੀ ਸਿਹਤ ਅਤੇ ਭਲਾਈ)* ਵਿਚ ਪੇਸ਼ ਕੀਤੀ ਗਈ ਹੈ। ਇਹ ਮੌਕਾ – ਅਤੇ ਚੁਣੌਤੀ – ਸਪਸ਼ਟ ਹੈ, ਜਿਵੇਂ ਕਿ:

   ੳ. ਮਾਂਵਾਂ ਦੀ ਸਿਹਤ ਵੱਧ ਚੰਗੀ ਕਰਨ ਨਾਲ, ਅਸੀਂ ਆਪਣੇ ਬੱਚਿਆਂ ਦੀ ਜ਼ਿੰਦਗੀ ਸ਼ੁਰੂ ਵਿਚ ਹੀ ਵੱਧ ਚੰਗੀ ਬਣਾ ਸਕਦੇ ਹਾਂ, ਬੱਚਿਆਂ ਦੀ ਮੌਤ ਦੀ ਦਰ ਨੂੰ ਘਟਾ ਸਕਦੇ ਹਾਂ ਅਤੇ ਘੱਟ ਭਾਰ ਵਾਲੇ ਜੰਮਣ ਵਾਲੇ ਬੱਚਿਆਂ ਦੀ ਗਿਣਤੀ ਘਟਾ ਸਕਦੇ ਹਾਂ।

   ਅ. ਬੱਚਿਆਂ ਦੀ ਸਿਹਤ ਅਤੇ ਵੱਡੇ ਹੋਣ ਵਲ ਵੱਧ ਚੰਗੀ ਤਰ੍ਹਾਂ ਧਿਆਨ ਦੇਣ ਨਾਲ, ਉਹਨਾਂ ਦੀ ਪੜ੍ਹਾਈ ਵਿਚ ਪ੍ਰਗਤੀ ਵੱਧ ਚੰਗੀ ਹੋ ਸਕਦੀ ਹੈ ਅਤੇ ਮਾਨਸਿਕ ਰੋਗਾਂ, ਸਿਹਤ ਖ਼ਰਾਬ ਕਰਨ ਵਾਲੇ ਜੀਉਣ ਦੇ ਢੰਗਾਂ, ਸੜਕ 'ਤੇ ਮੌਤਾਂ ਹੋਣ ਅਤੇ ਦੰਦ ਖ਼ਰਾਬ ਹੋਣ ਕਾਰਣ ਹਸਪਤਾਲ ਵਿਚ ਦਾਖ਼ਲ ਹੋਣ ਦਾ ਖ਼ਤਰਾ ਘਟਾਇਆ ਜਾ ਸਕਦਾ ਹੈ।

   ੲ. ਕੰਮ 'ਤੇ ਲੱਗੇ ਰਹਿਣ ਨਾਲ ਸਰੀਰਕ ਅਤੇ ਮਾਨਸਿਕ ਸਿਹਤ ਵੱਧ ਚੰਗੀ ਰਹਿੰਦੀ ਹੈ, ਅਤੇ ਕੰਮ ਕਰਨ ਦੀ ਉਮਰ ਵਿਚ ਬੀਮਾਰ ਹੋਣ ਨੂੰ ਘੱਟ ਕਰਕੇ ਅਸੀਂ ਯੂ ਕੇ ਵਿਚ ਹਰ ਸਾਲ £100 ਬਿਲੀਅਨ ਬਚਾ ਸਕਦੇ ਹਾਂ।[4]

   ਸ. ਬਾਲਿਗ਼ਾਂ ਦੇ ਵਤੀਰੇ ਨੂੰ ਬਦਲਣ ਨਾਲ ਹਲਕੀ ਉਮਰ ਵਿਚ ਮੌਤ ਅਤੇ ਬੀਮਾਰੀ ਕਾਰਣ ਸਮਾਜ ਨੂੰ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ, ਬਹੁਤ ਸਾਰੇ ਕੈਂਸਰਾਂ ਅਤੇ ਵੈਸਕੁਲਰ ਡੀਮੈਂਸ਼ੀਆ ਅਤੇ ਖ਼ੂਨ ਦੇ ਦੌਰੇ ਦੀਆਂ 30% ਤੋਂ ਵੱਧ ਬੀਮਾਰੀਆਂ ਤੋਂ ਬਚਿਆ ਜਾ ਸਕਦਾ ਹੈ; ਸ਼ਰਾਬ ਦੀ ਦੁਰਵਰਤੋਂ ਕਾਰਣ ਖ਼ਰਚ ਹੋਣ ਵਾਲੇ ਐਨ ਐਚ ਐੱਸ ਦੇ £2.7 ਬਿਲੀਅਨ ਪੌਂਡ ਬਚਾਏ ਜਾ ਸਕਦੇ ਹਨ ਅਤੇ ਨਸ਼ਿਆਂ ਕਾਰਣ ਹੋਣ ਵਾਲੇ ਜੁਰਮਾਂ ਨਾਲ ਨਿਪਟਣ ਲਈ ਖ਼ਰਚ ਹੋਣ ਵਾਲੇ ਸਮਾਜ ਦੇ £13.9 ਬਿਲੀਅਨ ਬਚ ਸਕਦੇ ਹਨ।

   ਹ. ਘਰਾਂ ਨੂੰ ਵੱਧ ਗਰਮ ਰੱਖਣ ਨਾਲ, ਅਤੇ ਮੌਸਮੀ ਫ਼ਲੂ ਦੇ ਟੀਕੇ ਸਭਨਾਂ ਨੂੰ ਲਾਉਣ ਨਾਲ, ਸਿਆਲਾਂ ਵਿਚ ਹੋਣ ਵਾਲੀਆਂ ਹੋਰ ਬਹੁਤ ਸਾਰੀਆਂ ਵਾਧੂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ – ਜੋ ਸੰਨ 2008/09 ਵਿਚ 35,000 ਸਨ।

---

4. Black, C. (2008) *Dame Carol Black's Review of the Health of Britain's Working Age Population. Working for a Healthier Tomorrow*, www.dwp.gov.uk/docs/hwwb-working-for-a-healthier- tomorrow.pdf

## ਬਿਲਕੁਲ ਨਵੀਂ ਸੋਚ

9. ਮੌਜੂਦਾ ਢੰਗ ਅਤੇ ਢਾਂਚਾ ਸਿਹਤ ਨੂੰ ਵੱਧ ਚੰਗੀ ਬਣਾਉਣ ਅਤੇ ਸਿਹਤ ਵਿਚ ਨਾ-ਬਰਾਬਰੀਆਂ ਨੂੰ ਘਟਾਉਣ ਲਈ ਨਹੀਂ ਬਣਾਏ ਗਏ ਸਨ। ਇਸ ਵ੍ਹਾਈਟ ਪੇਪਰ ਵਿਚ ਬਿਲਕੁਲ ਨਵੀਂ ਕਿਸਮ ਦੀ ਸੋਚ ਨੂੰ ਪੇਸ਼ ਕੀਤਾ ਗਿਆ ਹੈ ਜੋ ਸਥਾਨਕ ਭਾਈਚਾਰਿਆਂ ਨੂੰ ਵੱਧ ਯੋਗ ਬਣਾਏਗੀ, ਕਰਮਚਾਰੀਆਂ ਨੂੰ ਵੱਧ ਆਜ਼ਾਦੀ ਦੇਵੇਗੀ ਅਤੇ ਅਜਿਹੇ ਨਵੇਂ ਵਿਚਾਰਾਂ ਨੂੰ ਲਾਗੂ ਕਰੇਗੀ ਜਿਹਨਾਂ ਦਾ ਆਧਾਰ ਸਫਲਤਾ ਹੈ, ਅਤੇ ਇਹ ਵੀ ਯਕੀਨੀ ਬਣਾਏਗੀ ਕਿ ਸਿਹਤ ਨੂੰ ਇਸ ਵੇਲੇ ਅਤੇ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਖ਼ਤਰਿਆਂ ਨਾਲ ਦੇਸ਼ ਨਿਪਟ ਸਕੇ ਅਤੇ ਇਹਨਾਂ ਨੂੰ ਦੂਰ ਕਰ ਸਕੇ। ਇਸ ਵਿਚ ਦੱਸਿਆ ਗਿਆ ਹੈ ਕਿ ਸਾਡੀ ਨਵੀਂ ਸੋਚ ਕੀ ਕਰੇਗੀ:

ੳ. ਸਿਹਤ ਨੂੰ ਹੋ ਸਕਣ ਵਾਲੇ ਖ਼ਤਰਿਆਂ ਤੋਂ ਲੋਕਾਂ ਦਾ ਬਚਾਓ ਕਰੇਗੀ – ਇਸ ਕੰਮ ਦੀ ਅਗਵਾਈ ਕੇਂਦਰੀ ਸਰਕਾਰ ਕਰੇਗੀ, ਅਤੇ ਸੱਚਮੁਚ ਦੇ ਖ਼ਤਰਿਆਂ ਨਾਲ ਨਿਪਟਣ ਲਈ ਮਜ਼ਬੂਤ ਢਾਂਚਾ ਹੋਏਗਾ;

ਅ. ਸਥਾਨਕ ਪੱਧਰ 'ਤੇ ਅਗਵਾਈ ਨੂੰ ਮਜ਼ਬੂਤ ਕਰੇਗੀ ਅਤੇ ਸਭਨਾਂ ਦੀ ਸਿਹਤ ਅਤੇ ਭਲਾਈ ਵਿਚ ਵਾਧੇ ਲਈ ਪੂਰੇ ਸਮਾਜ ਵਿਚ ਜ਼ਿੰਮੇਦਾਰੀ ਨੂੰ ਉਤਸ਼ਾਹ ਦੇਵੇਗੀ; ਅਤੇ ਇਹਦੇ 'ਤੇ ਅਸਰ ਪਾਉਣ ਵਾਲੀਆਂ ਸਮੁੱਚੀਆਂ ਗੱਲਾਂ ਨਾਲ ਨਿਪਟੇਗੀ;

ੲ. ਅਹਿਮ ਨਤੀਜਿਆਂ ਵਲ ਵਧਰੇ ਧਿਆਨ ਦੇਵੇਗੀ, ਇਹਨਾਂ ਨੂੰ ਹਾਸਿਲ ਕਰਨ ਲਈ ਸਫਲ ਕੰਮ ਕਰੇਗੀ, ਨਤੀਜੇ ਸਪਸ਼ਟ ਹੋਣਗੇ ਆਮ ਲੋਕਾਂ ਦੀ ਸਿਹਤ ਦੇ ਸੁਧਾਰ ਵਾਲੇ ਢਾਂਚੇ ਰਾਹੀਂ ਹਾਸਿਲ ਹੋਏ ਨਤੀਜਿਆਂ ਬਾਰੇ ਜਵਾਬਦੇਹੀ ਹੋਏਗੀ;

ਸ. ਇਹਤੋਂ ਸਰਕਾਰ ਦੀਆਂ ਮੂਲ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਹੋਏਗਾ – ਆਜ਼ਾਦੀ ਅਤੇ ਸਵੈ-ਮਾਣ ਨੂੰ ਬੜ੍ਹਾਵਾ ਦੇਣ ਨਾਲ ਮਿਲੀ ਨਿਆਂਪੂਰਣਤਾ ਅਤੇ ਜ਼ਿੰਮੇਦਾਰੀ ਅਤੇ ਭਰੋਸਾ ਅਤੇ ਨਿਜੀ ਜ਼ਿੰਮੇਦਾਰੀ, ਸਿਹਤਮੰਦ ਵਤੀਰੇ ਅਤੇ ਜੀਉਣ ਦੇ ਢੰਗਾਂ ਨੂੰ ਉਤਸ਼ਾਹ ਦੇਣਾ; ਅਤੇ ਮਾਹੌਲ ਨੂੰ ਤਬਦੀਲ ਕਰਨਾ ਜਿਸ ਵਿਚ ਸਿਹਤਮੰਦ ਢੰਗਾਂ ਦੀ ਚੋਣ ਵੱਧ ਆਸਾਨ ਹੋ ਸਕੇ; ਅਤੇ

ਹ. ਵਿਅਕਤੀਆਂ ਅਤੇ ਸੰਸਥਾਵਾਂ ਦੀ ਆਜ਼ਾਦੀ ਵਿਚ ਸੰਤੁਲਨ ਕਾਇਮ ਕਰਨਾ ਤਾਕਿ ਹੋਰਨਾਂ ਨੂੰ ਨੁਕਸਾਨ ਨਾ ਹੋਵੇ, ਦਖ਼ਲਅੰਦਾਜ਼ੀ ਦੀ 'ਪੌੜੀ' ਦੀ ਵਰਤੋਂ ਰਾਹੀਂ ਇਹ ਫ਼ੈਸਲਾ ਕਰਨਾ ਕਿ ਇੱਛਿਤ ਨਤੀਜੇ ਹਾਸਿਲ ਕਰਨ ਲਈ ਘੱਟ ਤੋਂ ਘੱਟ ਦਖ਼ਲਅੰਦਾਜ਼ੀ ਵਾਲੇ ਢੰਗਾਂ ਦੀ ਵਰਤੋਂ ਕੀਤੀ ਜਾਏ ਅਤੇ ਨਿਯਮਾਂ ਦਾ ਸਹਾਰਾ ਲੈਣ ਤੋਂ ਪਹਿਲਾਂ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਕਿ ਲੋਕਾਂ ਦੇ ਆਪਣੇ ਢੰਗ ਕੰਮ ਕਰਦੇ ਹੋਣ।

10. ਇਹ ਸੋਚ **ਪੂਰੇ ਢਾਂਚੇ ਨਾਲ ਨਿਪਟੇਗੀ ਅਤੇ ਲੋਕਾਂ ਤਕ ਪਹੁੰਚ ਕਰੇਗੀ** – ਖ਼ਰਾਬ ਸਿਹਤ ਅਤੇ ਦੁਰਦਸ਼ਾ ਦੇ ਮੂਲ ਕਾਰਣਾਂ ਨਾਲ ਨਿਪਟੇਗੀ, ਅਤੇ ਜਿਹਨਾਂ ਪਰਿਵਾਰਾਂ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੈ ਉਹਨਾਂ ਤਕ ਪਹੁੰਚੇਗੀ – ਇਹ ਸੋਚ ਹੋਏਗੀ:

- **ਲੋੜਾਂ ਪੂਰੀਆਂ ਕਰਨ ਵਾਲੀ** – ਲੋਕਾਂ ਦੀ ਅਤੇ ਉਹਨਾਂ ਦੀਆਂ ਲੋੜਾਂ ਅਨੁਸਾਰ ਬਣਾਈ ਗਈ;
- **ਵਸੀਲਿਆਂ ਵਾਲੀ** – ਜਿਹਨੂੰ ਲੋੜਾਂ ਅਨੁਸਾਰ ਅਤੇ ਸੁਧਾਰ ਦੇ ਕੰਮਾਂ ਨੂੰ ਉਤਸ਼ਾਹ ਦੇਣ ਲਈ ਪੈਸੇ ਮਿਲਣਗੇ;
- **ਨਿਯਮਬੱਧ** – ਜਿਹਦੀ ਅਗਵਾਈ ਮਾਹਿਰ ਕਰਨਗੇ, ਪੂਰਾ ਧਿਆਨ ਸਬੂਤਾਂ ਵਲ ਦਿੱਤਾ ਜਾਏਗਾ, ਕਾਰਜ-ਕੁਸ਼ਲ ਅਤੇ ਅਸਰਦਾਈ ਹੋਏਗੀ; ਅਤੇ
- **ਮਜ਼ਬੂਤ**– ਸਿਹਤ ਨੂੰ ਇਸ ਵੇਲੇ ਅਤੇ ਭਵਿੱਖ ਵਿਚ ਆਉਣ ਵਾਲੇ ਖ਼ਤਰਿਆਂ ਨਾਲ ਨਿਪਟਣ ਲਈ ਸਮਰੱਥ।

## ਪੂਰੀ ਜ਼ਿੰਦਗੀ ਲਈ ਸਿਹਤ ਅਤੇ ਭਲਾਈ

11. ਸਰਕਾਰ ਮੁਕੰਮਲ ਤੌਰ 'ਤੇ ਸ਼ਕਤੀ ਸਥਾਨਕ ਭਾਈਚਾਰਿਆਂ ਦੇ ਹਵਾਲੇ ਕਰ ਰਹੀ ਹੈ ਅਤੇ ਉਹਨਾਂ ਨੂੰ ਇਸ ਯੋਗ ਬਣਾ ਰਹੀ ਹੈ ਕਿ ਉਹ ਸਥਾਨਕ ਲੋਕਾਂ ਦੀ ਸਿਹਤ ਵਿਚ ਸੁਧਾਰ ਕਰਨ, ਨਾ-ਬਰਾਬਰੀਆਂ ਨੂੰ ਘਟਾਉਣ ਅਤੇ ਉਹਨਾਂ ਵਲ ਖ਼ਾਸ ਧਿਆਨ ਦੇਣ। ਇਸ ਵ੍ਹਾਈਟ ਪੇਪਰ ਵਿਚ ਸਥਾਨਕ ਪੱਧਰ 'ਤੇ ਨਵੀਨਤਾਵਾਂ ਲਿਆਉਣ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਸੰਖੇਪ ਵਿਚ ਸਰਕਾਰ ਦੇ ਸਭ ਵਿਭਾਗਾਂ ਦੇ ਸਾਂਝੇ ਢਾਂਚੇ ਬਾਰੇ ਦੱਸਿਆ ਗਿਆ ਹੈ ਜੋ ਨਾ-ਬਰਾਬਰੀਆਂ ਨੂੰ ਘਟਾਏਗਾ ਅਤੇ ਲੋਕਾਂ ਦੀ ਜ਼ਿੰਦਗੀ ਦੇ ਅਹਿਮ ਪੜਾਵਾਂ 'ਤੇ ਉਹਨਾਂ ਦੀ ਸਿਹਤ ਵਿਚ ਸੁਧਾਰ ਕਰੇਗਾ, ਜਿਵੇਂ ਕਿ:

   ੳ. ਸਥਾਨਕ ਸਰਕਾਰ ਅਤੇ ਭਾਈਚਾਰਿਆਂ ਨੂੰ ਸ਼ਕਤੀਸ਼ਾਲੀ ਬਣਾਉਣਾ, ਜਿਹਨਾਂ ਕੋਲ ਆਪਣੇ ਮਾਹੌਲ ਨੂੰ ਢਾਲਣ ਅਤੇ ਸਥਾਨਕ ਮਸਲਿਆਂ ਨਾਲ ਨਿਪਟਣ ਲਈ ਨਵੇਂ ਵਸੀਲੇ, ਹਕ ਅਤੇ ਸ਼ਕਤੀਆਂ ਹੋਣਗੀਆਂ;

   ਅ. ਵੱਖ ਵੱਖ ਖ਼ਤਰਿਆਂ ਨਾਲ ਇਕ ਇਕ ਕਰਕੇ ਨਾ ਨਿਪਟਣ ਦੀ ਬਜਾਇ, ਜ਼ਿੰਗਦੀ ਦੇ ਵੱਖ ਵੱਖ ਪੜਾਵਾਂ ਅਤੇ ਅਹਿਮ ਤਬਦੀਲੀਆਂ ਬਾਰੇ ਇੱਕਸਾਰ ਨੀਤੀ ਬਣਾਉਣਾ, ਮਾਨਸਿਕ ਸਿਹਤ ਇਹਦਾ ਅਹਿਮਾ ਹਿੱਸਾ ਹੋਏਗਾ, ਅਤੇ ਛੇਤੀ ਹੀ ਅਸੀਂ ਮਾਨਸਿਕ ਸਿਹਤ ਬਾਰੇ ਨਵੀਂ ਕਾਰਜਨੀਤੀ ਪ੍ਰਕਾਸ਼ਿਤ ਕਰਾਂਗੇ;

   ੲ. ਹਰ ਬੱਚੇ ਅਤੇ ਹਰ ਭਾਈਚਾਰੇ ਨੂੰ ਵੱਧ ਤੋਂ ਵੱਧ ਚੰਗੇ ਢੰਗ ਨਾਲ ਜ਼ਿੰਦਗੀ ਸ਼ੁਰੂ ਕਰਨ ਦਾ ਮੌਕਾ ਦੇਣਾ। ਇਹਦੇ ਲਈ ਅਸੀਂ ਬੱਚਿਆਂ ਦੀ ਗ਼ਰੀਬੀ ਨੂੰ ਘਟਾਉਣ ਲਈ ਸਥਾਈ ਵਚਨ-ਬੱਧਤਾ ਦਿੰਦੇ ਹਾਂ, ਹੈਲਥ ਵਿਜ਼ਿਟਰਾਂ ਦੀ ਗਿਣਤੀ ਵਧਾਉਣ ਲਈ ਪੈਸੇ ਖ਼ਰਚ ਕਰਾਂਗੇ, ਸੰਨ 2015 ਤਕ ਅਜਿਹੇ ਪਰਿਵਾਰਾਂ ਦੀ ਗਿਣਤੀ ਦੁੱਗਣੀ ਕਰਾਂਗੇ ਜਿਹਨਾਂ ਤਕ ਨਰਸਿੰਗ ਪਾਰਟਨਰਸ਼ਿਪ ਪ੍ਰੋਗਰਾਮਾਂ ਰਾਹੀਂ ਪਹੁੰਚ ਕੀਤੀ ਗਈ ਹੋਵੇਗੀ, ਜਿਹਨਾਂ ਲੋਕਾਂ ਨੂੰ ਸ਼ਿਓਰ ਸਟਾਰਟ ਚਿਲਡਰਨਜ਼ ਸੈਂਟਰਾਂ ਦੀ ਸਭ ਤੋਂ ਵੱਧ ਲੋੜ ਹੈ, ਉਹਨਾਂ ਲਈ ਅਸੀਂ ਇਹਨਾਂ ਵਲ ਨਵੇਂ ਸਿਰਿਓਂ ਵੱਧ ਧਿਆਨ ਦਿਆਂਗੇ। ਸਕੂਲਾਂ ਵਿਚ ਸੰਨ 2012 ਤੋਂ ਓਲਿੰਪਿਕ ਅਤੇ ਪੈਰਾਲਿੰਪਿਕ ਕਿਸਮ ਦਾ ਖੇਡਾਂ ਦਾ ਮੁਕਾਬਲਾ ਸ਼ੁਰੂ ਹੋਏਗਾ;

   ਸ. ਵੈਲਫ਼ੇਅਰ ਢਾਂਚੇ ਵਿਚ ਮੁਕੰਮਲ ਸੁਧਾਰ ਕਰਕੇ ਕੰਮ ਕਰਨ ਨੂੰ ਫ਼ਾਇਦੇਮੰਦ ਬਣਾਇਆ ਜਾਏਗਾ, ਸਥਾਨਕ ਆਰਥਿਕ ਵਿਕਾਸ ਨਾਲ ਵੱਧ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ ਅਤੇ ਨੌਕਰੀ ਦੇਣ ਵਾਲਿਆਂ ਨਾਲ ਮਿਲ ਕੇ ਆਮ ਲੋਕਾਂ ਦੀ ਸਿਹਤ ਦੇ ਰਖਵਾਲਿਆਂ ਦੇ ਤੌਰ 'ਤੇ ਉਹਨਾਂ ਦੀਆਂ ਕੰਮ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਜਾਏਗਾ;

   ਹ. ਭਾਈਚਾਰਿਆਂ ਨੂੰ ਇਸ ਢੰਗ ਨਾਲ ਤਿਆਰ ਕਰਨਾ ਕਿ ਵਡੇਰੀ ਉਮਰ ਵਿਚ ਵੀ ਲੋਕ ਸਰਗਰਮ ਰਹਿੰਦੇ ਰਹਿਣ। ਵਡੇਰੀ ਉਮਰ ਵਿਚ ਸਰਗਰਮ ਰਹਿਣ ਨੂੰ ਅਸੀਂ ਆਮ ਗੱਲ ਬਣਾਵਾਂਗੇ, ਕੋਈ ਅਪਵਾਦ ਨਹੀਂ, ਮਿਸਾਲ ਵਜੋਂ, ਅਸੀਂ ਲਾਈਫ਼ਟਾਈਮ ਹੋਮ ਬਣਾਵਾਂਗੇ, ਹਰੀਆਂ ਥਾਂਵਾਂ ਦੀ ਹਿਫ਼ਾਜ਼ਤ ਕਰਾਂਗੇ ਅਤੇ ਸਰੀਰਕ ਸਰਗਰਮੀ ਲਈ ਨਵੇਂ ਉੱਦਮ ਸ਼ੁਰੂ ਕਰਾਂਗੇ, ਜਿਹਦੇ ਲਈ ਮਾਸ ਪਾਰਟੀਸਿਪੇਸ਼ਨ ਅਤੇ ਕਮਿਉਨਿਟੀ ਸਪੋਰਟਸ ਦੇ ਪ੍ਰੋਗਰਾਮਾਂ ਲਈ ਲਾਟਰੀ ਦੇ £135 ਮਿਲੀਅਨ ਖ਼ਰਚੇ ਜਾਣਗੇ। ਹਰੀਆਂ ਥਾਂਵਾਂ 'ਤੇ ਭਾਈਚਾਰਿਆਂ ਦੀ ਮਲਕੀਅਤ ਨੂੰ ਬੜ੍ਹਾਵਾ ਦਿਆਂਗੇ ਅਤੇ ਜ਼ਮੀਨ ਤਕ ਪਹੁੰਚ ਕਰਨਾ ਵੱਧ ਸੌਖਾ ਬਣਾਵਾਂਗੇ ਤਾਕਿ ਲੋਕ ਆਪਣੇ ਖਾਣ ਦੀਆਂ ਚੀਜ਼ਾਂ ਖ਼ੁਦ ਉਗਾ ਸਕਣ; ਅਤੇ

   ਕ. ਪਬਲਿਕ ਹੈਲਥ ਰੈਸਪੌਂਸਿਬਿਲਿਟੀ ਡੀਲ ਰਾਹੀਂ ਕਾਰੋਬਾਰਾਂ ਅਤੇ ਵਾਲੰਟਰੀ ਸੈਕਟਰ ਦੇ ਸਹਿਯੋਗ ਨਾਲ ਅਸੀਂ ਭੋਜਨ, ਸ਼ਰਾਬ, ਸਰੀਰਕ ਸਰਗਰਮੀ, ਕੰਮ 'ਤੇ ਸਿਹਤ ਅਤੇ ਵਤੀਰੇ ਵਿਚ ਤਬਦੀਲੀ ਨਾਂ ਦੇ ਪੰਜ ਨੈੱਟਵਰਕ ਸਥਾਪਿਤ ਕਰਾਂਗੇ। ਇਹ ਡੀਲ ਅਸੀਂ ਸੰਨ 2011 ਦੇ ਸ਼ੁਰੂ ਵਿਚ ਲਾਗੂ ਕਰਨ ਬਾਰੇ ਸੋਚ ਰਹੇ ਹਾਂ ਅਤੇ ਸਾਨੂੰ ਆਸ ਹੈ ਕਿ ਭੋਜਨ ਵਿਚ ਹੋਰ ਸੁਧਾਰ ਅਤੇ ਲੂਣ ਦੀ ਵਰਤੋਂ ਘਟਾਉਣ; ਉਭੋਗਤਾਵਾਂ ਨੂੰ ਭੋਜਨ ਬਾਰੇ ਵੱਧ ਚੰਗੀ ਜਾਣਕਾਰੀ ਦੇਣ; ਸਮਾਜਕ ਤੌਰ 'ਤੇ ਵੱਧ ਜ਼ਿੰਮੇਦਾਰ ਪਰਚੂਨ ਵਪਾਰ ਨੂੰ ਬੜ੍ਹਾਵਾ ਦੇਣ ਅਤੇ ਸ਼ਰਾਬ ਦੀ ਵਰਤੋਂ ਬਾਰੇ ਸਮਝੌਤਿਆਂ ਦਾ ਐਲਾਨ ਕਰ ਸਕਾਂਗੇ। ਚੇਂਜ-ਫ਼ਾਰ-ਲਾਈਫ਼ (Change4Life) ਮੁਹਿੰਮ ਨੂੰ ਵੀ ਪ੍ਰੋਤਸਾਹਨ ਦਿੱਤਾ ਜਾਏਗਾ, ਜਿਵੇਂ ਕਿ 'ਗਰੇਟ ਸਵੈਪਥੋਨ' (Great Swapathon) ਰਾਹੀਂ, ਜੀਉਣ ਦੇ ਸਿਹਤਮੰਦ ਢੰਗਾਂ ਦੀ ਚੋਣ ਕਰਨ ਨੂੰ ਵੱਧ ਸੌਖਾ ਬਣਾਉਣ ਲਈ £250 ਮਿਲੀਅਨ ਪਾਰਟਨਰ-ਫ਼ੰਡਡ ਵਾਊਚਰਾਂ ਦੀ ਵਰਤੋਂ ਕੀਤੀ ਜਾਏਗੀ।

## ਆਮ ਲੋਕਾਂ ਦੀ ਸਿਹਤ ਲਈ ਨਵਾਂ ਢਾਂਚਾ - ਸਥਾਨਕ ਅਤੇ ਕੌਮੀ ਪੱਧਰ ਦੀ ਮਜ਼ਬੂਤ ਅਗਵਾਈ ਸਹਿਤ

12. ਇਸ ਨਵੀਂ ਸੋਚ ਦੇ ਸਮਥਰਨ ਲਈ ਅਤੇ ਬੀਤੇ ਸਮੇਂ ਦੇ ਮਸਲਿਆਂ ਤੋਂ ਬਚਣ ਲਈ, ਸਾਨੂੰ ਆਮ ਲੋਕਾਂ ਦੀ ਸਿਹਤ ਦੇ ਢਾਂਚੇ ਵਿਚ ਸੁਧਾਰ ਕਰਨ ਦੀ ਲੋੜ ਹੈ। ਇਸ ਢਾਂਚੇ ਦਾ ਧੁਰਾ ਸਥਾਨਕ ਹੋਏਗਾ, ਅਤੇ ਜਿੱਥੇ ਵੀ ਹੋ ਸਕੇ ਜ਼ਿੰਮੇਦਾਰੀਆਂ, ਆਜ਼ਾਦੀ ਅਤੇ ਪੈਸੇ ਦੇਣ ਦਾ ਕੰਮ ਸਥਾਨਕ ਪੱਧਰ 'ਤੇ ਹੋਏਗਾ; ਵਧਾਈਆਂ ਗਈਆਂ ਕੇਂਦਰੀ ਸ਼ਕਤੀਆਂ ਦੀ ਵਰਤੋਂ ਤਦ ਹੀ ਕੀਤੀ ਜਾਏਗੀ ਜਦ ਅਤੀ ਜ਼ਰੂਰੀ ਹੋਵੇ, ਜਿਵੇਂ ਕਿ ਹੰਗਾਮੀ ਹਾਲਤਾਂ ਦੀ ਤਿਆਰੀ ਕਰਨ ਅਤੇ ਸਿਹਤ ਦੀ ਹਿਫ਼ਾਜ਼ਤ ਲਈ। ਇਸ ਢਾਂਚੇ ਵਿਚ:

ੳ. ਡਾਇਰੈਕਟਰਜ਼ ਆੱਫ਼ ਪਬਲਿਕ ਹੈਲਥ ਸਥਾਨਕ ਭਾਈਚਾਰਿਆਂ ਵਿਚ ਆਮ ਲੋਕਾਂ ਦੀ ਸਿਹਤ ਅਤੇ ਸਿਹਤ ਵਿਚ ਨਾ-ਬਰਾਬਰੀਆਂ ਬਾਰੇ ਕਾਰਜਨੀਤੀ ਦੀ ਅਗਵਾਈ ਕਰਨਗੇ, ਅਤੇ ਸਥਾਨਕ ਐਨ ਐਚ ਐੱਸ ਦੇ ਅਤੇ ਪਬਲਿਕ, ਪ੍ਰਾਈਵੇਟ ਅਤੇ ਵਾਲੰਟਰੀ ਸੈਕਟਰ ਦੇ ਸਹਿਯੋਗ ਨਾਲ ਕੰਮ ਕਰਨਗੇ। ਲੋਕਾਂ ਦੀਆਂ ਲੋੜਾਂ ਨੂੰ ਵੱਧ ਤੋਂ ਵੱਧ ਮੁਮਕਿਨ ਅਸਰਦਾਈ ਢੰਗ ਨਾਲ ਪੂਰੀਆਂ ਕਰਨ ਲਈ, ਹੁਣੇ ਜਿਹੇ ਐਨ ਐਚ ਐੱਸ ਅਤੇ ਲੋਕਲ ਅਥਾਰਿਟੀਆਂ ਦੇ ਸਹਿਯੋਗ ਨਾਲ ਬਣਾਏ ਜਾਣ ਵਾਲੇ ਸੁਝਾਓ ਅਧੀਨ ਸਥਾਨਕ ਸਿਹਤ ਅਤੇ ਭਲਾਈ ਬੋਰਡਾਂ ਬਾਰੇ ਕੀਤੇ ਗਏ ਸਲਾਹ ਮਸ਼ਵਰੇ ਦਾ ਜਵਾਬ ਸਰਕਾਰ ਛੇਤੀ ਹੀ ਪ੍ਰਕਾਸ਼ਿਤ ਕਰੇਗੀ।

ਅ. ਆਮ ਲੋਕਾਂ ਦੀ ਸਿਹਤ ਲਈ ਇਕ ਨਵੀਂ ਖ਼ਾਸ ਸੇਵਾ – ਪਬਲਿਕ ਹੈਲਥ ਇੰਗਲੈਂਡ – ਡਿਪਾਰਟਮੈਂਟ ਆੱਫ਼ ਹੈਲਥ ਦੇ ਅੰਦਰ ਸ਼ੁਰੂ ਕੀਤੀ ਜਾਏਗੀ, ਜੋ ਹੰਗਾਮੀ ਹਾਲਤਾਂ ਦੀ ਤਿਆਰੀ ਅਤੇ ਸਿਹਤ ਦੀ ਹਿਫ਼ਾਜ਼ਤ ਦੀ ਖ਼ਾਤਿਰ ਕਾਰਵਾਈ ਦੇ ਕੰਮ ਨੂੰ ਵੱਧ ਮਜ਼ਬੂਤ ਕਰੇਗੀ।

ੲ. ਐਨ ਐਚ ਐੱਸ ਦੇ ਸਮੁੱਚੇ ਬੱਜਟ ਵਿਚੋਂ ਆਮ ਲੋਕਾਂ ਦੀ ਸਿਹਤ ਦੀਆਂ ਲੋੜਾਂ ਲਈ ਨਿਸ਼ਚਿਤ ਪੈਸੇ ਰੱਖੇ ਜਾਣਗੇ, ਇਹ ਯਕੀਨੀ ਬਣਾਉਣ ਲਈ ਕਿ ਹੋਰ ਕੰਮਾਂ ਕਾਰਣ ਇਹ ਪੈਸੇ ਘਟ ਨਾ ਜਾਣ, ਜਿਵੇਂ ਕਿ ਐਨ ਐਚ ਐੱਸ ਦੇ ਫ਼ੰਡਾਂ ਕਾਰਣ, ਪਰ ਹਾਲੇ ਵੀ ਇਹਦੇ 'ਤੇ ਪੂਰੇ ਸਿਸਟਮ ਵਿਚ ਖ਼ਰਚ ਘੱਟ ਕਰਨ ਅਤੇ ਕਾਰਜਕੁਸ਼ਲਤਾ ਵਿਚ ਵਾਧਾ ਕਰਨ ਦੀਆਂ ਸ਼ਰਤਾਂ ਲਾਗੂ ਹੋਣਗੀਆਂ। ਸ਼ੁਰੂ ਵਿਚ ਲਾਏ ਅੰਦਾਜ਼ਿਆਂ ਤੋਂ ਪਤਾ ਲਗਦਾ ਹੈ ਕਿ ਇਸ ਵੇਲੇ ਇਹਨਾਂ ਕੰਮਾਂ 'ਤੇ ਖ਼ਰਚ ਹੋਣ ਵਾਲੇ ਪੈਸੇ £4 ਬਿਲੀਅਨ ਤੋਂ ਵੱਧ ਪਬਲਿਕ ਹੈਲਥ ਇੰਗਲੈਂਡ ਦੀ ਜ਼ਿੰਮੇਦਾਰੀ ਹੋਏਗੀ।

ਸ. ਅਪਰ ਟੀਅਰ ਅਤੇ ਯੂਨੀਟਰੀ ਲੋਕਲ ਅਥਾਰਿਟੀਆਂ ਲਈ ਨਿਸ਼ਚਿਤ ਬੱਜਟ ਹੋਣਗੇ ਅਤੇ ਲੋਕਾਂ ਦੀ ਸਿਹਤ ਦੀ ਹਿਫ਼ਾਜ਼ਤ ਦੇ ਨਿਸ਼ਾਨੇ ਪੂਰੇ ਕਰਨ ਲਈ ਅਤੇ ਨਾ-ਬਰਾਬਰੀਆਂ ਘਟਾਉਣ ਲਈ ਉਹਨਾਂ ਨੂੰ ਇਨਾਮ ਵੀ ਮਿਲੇਗਾ।

ਹ. ਨਵੇਂ ਢਾਂਚੇ ਦੀਆਂ ਮੁੱਖ ਗੱਲਾਂ ਆਉਣ ਵਾਲੇ ਹੈਲਥ ਐਂਡ ਸੋਸ਼ਲ ਕੇਅਰ ਬਿਲ ਵਿਚ ਸ਼ਾਮਿਲ ਕੀਤੀਆਂ ਜਾਣਗੀਆਂ ਅਤੇ ਇਹਨਾਂ ਦੀ ਪ੍ਰਵਾਨਗੀ ਪਾਰਲੀਮੈਂਟ ਤੋਂ ਲਈ ਜਾਏਗੀ।

ਕ. ਮੁਲਾਂਕਣ ਲਈ ਸਭ ਤੋਂ ਵਧੀਆ ਸਬੂਤਾਂ ਦੀ ਵਰਤੋਂ ਕੀਤੀ ਜਾਏਗੀ, ਵਤੀਰੇ ਦੇ ਬਦਲਾਵ ਲਈ ਨਵੀਆਂ ਤਬਦੀਲੀਆਂ ਦਾ ਸਮਰਥਨ ਕੀਤਾ ਜਾਏਗਾ – ਨਵੇਂ ਨੈਸ਼ਨਲ ਇੰਸਟੀਚਿਊਟ ਫ਼ੱਾਰ ਹੈਲਥ ਰਿਸਰਚ (NIHR) ਸਕੂਲ ਫ਼ੱਾਰ ਪਬਲਿਕ ਹੈਲਥ ਅਤੇ ਪਾਲਿਸੀ ਰਿਸਰਚ ਯੂਨਿਟ ਔਨ ਬੀਹੇਵੀਅਰ ਐਂਡ ਹੈਲਥ ਦੀ ਸਥਾਪਨਾ ਕੀਤੀ ਜਾਏਗੀ। ਵੱਧ ਸਪਸ਼ਟਤਾ ਹੋਏਗੀ, ਸਿਹਤ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਸ਼ ਦੇ ਅਤੇ ਸਥਾਨਕ ਪੱਧਰ 'ਤੇ ਪ੍ਰਕਾਸ਼ਿਤ ਕੀਤੀ ਜਾਏਗੀ।

ਖ. ਚੀਫ਼ ਮੈਡੀਕਲ ਅਫ਼ਸਰ ਦਾ ਖ਼ਾਸ ਕੰਮ ਹੋਏਗਾ ਕਿ ਲੋਕਾਂ ਦੀ ਸਿਹਤ ਬਾਰੇ ਉਹ ਸੈਕ੍ਰੇਟਰੀ ਆੱਫ਼ ਸਟੇਟ ਫ਼ਾਰ ਹੈਲਥ ਨੂੰ ਸੁਤੰਤਰ ਸਲਾਹ ਦੇਵੇ। ਸਰਕਾਰ ਵਿਚ ਅਤੇ ਸਰਕਾਰ ਤੋਂ ਬਾਹਰ ਉਹ ਲੋਕਾਂ ਦੀ ਸਿਹਤ ਦਾ/ਦੀ ਮੁੱਖ ਸਮਰਥਕ ਹੋਵੇਗਾ/ਹੋਵੇਗੀ, ਅਤੇ ਉਹ ਮਾਹਿਰਾਂ ਦੇ ਨੈੱਟਵਰਕ ਦੀ ਅਗਵਾਈ ਕਰੇਗਾ/ਕਰੇਗੀ ਜਿਹਦੀ ਜ਼ਿੰਮੇਦਾਰੀ ਆਮ ਲੋਕਾਂ ਲਈ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੋਏਗੀ।

ਗ. ਆਮ ਲੋਕਾਂ ਦੀ ਸਿਹਤ ਦੇਸ਼ ਦੇ ਅਤੇ ਸਥਾਨਕ ਪੱਧਰ 'ਤੇ ਐਨ ਐਚ ਐੱਸ ਕਮਿਸ਼ਨਿੰਗ ਬੋਰਡ (NHSCB) ਦੇ ਕੰਮ ਵਿਚ ਸ਼ਾਮਿਲ ਹੋਏਗੀ। ਜੀ ਪੀ ਡਾਕਟਰਾਂ ਨੂੰ ਵੱਧ ਪ੍ਰੋਤਸਾਹਨ ਦਿੱਤਾ ਜਾਏਗਾ ਕਿ ਉਹ ਆਮ ਲੋਕਾਂ ਦੀ ਸਿਹਤ ਦੀ ਖ਼ਾਤਿਰ ਸਰਗਰਮ ਕੰਮ ਕਰਨ।

## ਕੰਮ ਨੇਪਰੇ ਚਾੜ੍ਹਨਾ

13. ਅਸੀਂ ਛੇਤੀ ਅਤੇ ਕਾਫ਼ੀ ਪ੍ਰਗਤੀ ਕਰਨ ਦੀ ਖ਼ਾਤਿਰ ਆਪਣੀ ਕਾਰਜਨੀਤੀ ਨੂੰ ਲਾਗੂ ਕਰ ਰਹੇ ਹਾਂ, ਤਾਂਕਿ ਸਾਨੂੰ ਲੋਕਾਂ ਦੀ ਸਿਹਤ ਨੂੰ ਸੁਧਾਰਨ ਦਾ ਛੇਤੀ ਤੋਂ ਛੇਤੀ ਮੌਕਾ ਮਿਲੇ, ਹੈਲਥ ਐਂਡ ਸੋਸ਼ਲ ਕੇਅਰ ਬਿਲ ਦੇ ਪਾਸ ਹੋਣ ਮਗਰੋਂ, ਸਰਕਾਰ ਇਹ ਕੰਮ ਕਰਨਾ ਚਾਹੁੰਦੀ ਹੈ:

    ੳ. ਪਬਲਿਕ ਹੈਲਥ ਇੰਗਲੈਂਡ ਦੀ ਸਥਾਪਨਾ ਕਰਵਾਉਣਾ, ਜੋ ਸੰਨ 2012 ਤੋਂ ਪੂਰੀ ਜ਼ਿੰਮੇਦਾਰੀ ਸੰਭਾਲ ਲਏਗੀ, ਜਿਸ ਵਿਚ ਹੈਲਥ ਪ੍ਰੋਟੈਕਸ਼ਨ ਏਜੰਸੀ (HPA) ਅਤੇ ਨੈਸ਼ਨਲ ਟ੍ਰੀਟਮੈਂਟ ਏਜੰਸੀ ਫ਼ਾੱਰ ਸਬਸਟਾਂਸ ਮਿਸਯੂਜ (NTA) ਤੋਂ ਰਸਮੀ ਤੌਰ 'ਤੇ ਕੰਮ ਲੈ ਲੈਣਾ ਸ਼ਾਮਿਲ ਹੈ;

    ਅ. ਸਥਾਨਕ ਪੱਧਰ 'ਤੇ ਸਿਹਤ ਸੁਧਾਰ ਦੇ ਕੰਮ ਲੋਕਲ ਗਵਰਨਮੈਂਟ ਦੇ ਹਵਾਲੇ ਕਰਨਾ, ਅਤੇ ਅਪ੍ਰੈਲ 2013 ਤੋਂ ਲੋਕਲ ਗਵਰਨਮੈਂਟ ਲਈ ਨਿਸ਼ਚਿਤ ਬੱਜਟ ਤਿਆਰ ਕਰਨਾ; ਅਤੇ

    ੲ. ਲੋਕਲ ਗਵਰਨਮੈਂਟ ਨੂੰ ਨਵੇਂ ਕੰਮ ਸੰਭਾਲ ਕੇ ਸਥਾਨਕ ਜਵਾਬਦੇਹੀ ਵਿਚ ਵਾਧਾ ਕਰਨਾ ਅਤੇ ਸਮਾਜਕ ਦੇਖਭਾਲ, ਐਨ ਐਚ ਐੱਸ ਅਤੇ ਆਮ ਲੋਕਾਂ ਦੀ ਸਿਹਤ ਦੇ ਕੰਮਾਂ ਨਾਲ ਪੂਰਾ ਤਾਲਮੇਲ ਕਰਨਾ।

14. ਪਬਲਿਕ ਹੈਲਥ ਇੰਗਲੈਂਡ ਤਕ ਦੀ ਤਬਦੀਲੀ ਪ੍ਰਾਇਮਰੀ ਕੇਅਰ ਟ੍ਰਸਟਾਂ (PCTs) ਅਤੇ ਸਟ੍ਰੈਟੀਜਿਕ ਹੈਲਥ ਅਥਾਰਿਟੀਆਂ (SHAs) ਵਾਲੀਆਂ ਤਬਦੀਲੀਆਂ ਅਤੇ ਐਨ ਐਚ ਐੱਸ ਸੀ ਬੀ ਦੀ ਸਥਾਪਨਾ ਦੇ ਨਾਲ ਹੀ ਹੋਏਗੀ। ਇਹਨਾਂ ਵਸੀਹ ਪ੍ਰਬੰਧਾਂ ਬਾਰੇ ਪੂਰੀ ਜਾਣਕਾਰੀ ਸੰਨ 2011 ਵਿਚ ਯੋਜਨਾਬੰਦੀ ਖ਼ਤਾਂ ਵਿਚ ਪੇਸ਼ ਕੀਤੀ ਜਾਏਗੀ।

15. ਨਵੇਂ ਢਾਂਚੇ ਦੇ ਸਭ ਪਹਿਲੂਆਂ ਨੂੰ ਠੀਕ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਲੋਕਾਂ ਦੀ ਸਿਹਤ ਵਿਚ ਸੁਧਾਰ ਦਾ ਕੰਮ ਇਹ ਸਹੀ ਢੰਗ ਨਾਲ ਕਰੇ, ਅਸੀਂ ਕਈ ਪੱਖਾਂ ਬਾਰੇ ਸਲਾਹ ਮਸ਼ਵਰਾ ਕਰਾਂਗੇ। ਸਲਾਹ ਮਸ਼ਵਰੇ ਦੇ ਕਈ ਸਵਾਲ ਇਸ ਵ੍ਹਾਈਟ ਪੇਪਰ ਦੇ ਚੈਪਟਰ 4 ਵਿਚ ਪੇਸ਼ ਕੀਤੇ ਗਏ ਹਨ ਅਤੇ ਇਹਨਾਂ ਦਾ ਸਾਰ ਚੈਪਟਰ 5 ਵਿਚ ਪੇਸ਼ ਕੀਤਾ ਗਿਆ ਹੈ, ਅਤੇ ਅਸੀਂ ਤੁਹਾਡੇ ਵਿਚਾਰਾਂ ਦਾ ਸਵਾਗਤ ਕਰਾਂਗੇ। ਇਹਨਾਂ ਸਵਾਲਾਂ ਬਾਰੇ ਸਲਾਹ ਮਸ਼ਵਰਾ ਪੂਰਾ ਹੋਣ ਦੀ ਤਾਰੀਖ਼ 8 ਮਾਰਚ 2011 ਹੈ।

16. ਡਿਪਾਰਟਮੈਂਟ ਆੱਫ਼ ਹੈਲਥ ਨੇ ਡਾਕਟਰ ਗੈਬਰੀਅਲ ਸਕੈਲੀ ਵਲੋਂ ਕੀਤਾ ਗਿਆ ਪਬਲਿਕ ਹੈਲਥ ਦੇ ਕਰਮਚਾਰੀਆਂ ਬਾਰੇ ਰਿਵਿਊ ਪ੍ਰਕਾਸ਼ਿਤ ਕੀਤਾ ਹੈ। ਇਹਦੇ ਬਾਰੇ ਸਲਾਹ ਮਸ਼ਵਰਾ ਲੈਣ ਲਈ ਸਵਾਲ ਇਸ ਵ੍ਹਾਈਟ ਪੇਪਰ ਦੇ ਚੈਪਟਰ 4 ਵਿਚ ਹੈ। ਇਸ ਰਿਪੋਰਟ ਬਾਰੇ ਵੀ ਅਸੀਂ ਤੁਹਾਡੇ ਵਿਚਾਰਾਂ ਦਾ ਸਵਾਗਤ ਕਰਾਂਗੇ।

17. ਆਉਣ ਵਾਲੇ ਸਮੇਂ ਵਿਚ ਸਲਾਹ ਮਸ਼ਵਰਾ ਲੈਣ ਵਾਲੇ ਦਸਤਾਵੇਜ਼ਾਂ ਵਿਚ ਆਮ ਲੋਕਾਂ ਦੀ ਸਿਹਤ ਬਾਰੇ ਪ੍ਰਸਤਾਵਿਤ ਢਾਂਚੇ, ਅਤੇ ਪੈਸੇ ਖ਼ਰਚਣ ਅਤੇ ਸੇਵਾਵਾਂ ਹਾਸਿਲ ਕਰਨ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਪੇਸ਼ ਕੀਤੀ ਜਾਏਗੀ।

© Crown copyright 2010
403136 1p Dec10 (PUN)
Produced by COI for the Department of Health